# ਗੁਪਤਤਾ ਨੀਤੀ

**ਨੇਬਰਹੁੱਡ ਵਾਚ ਵਿਕਟੋਰੀਆ**

## 1. ਉਦੇਸ਼

ਨੇਬਰਹੁੱਡ ਵਾਚ (NHW) ਨਿੱਜੀ ਜਾਣਕਾਰੀ ਦੀ ਗੁਪਤਤਾ ਦੀ ਸੁਰੱਖਿਆ ਕਰਨ ਲਈ ਵਚਨਬੱਧ ਹੈ ਜੋ ਇਹ ਸੰਸਥਾ ਇਕੱਠੀ ਕਰਦੀ ਹੈ, ਸਾਂਭ ਕੇ ਰੱਖਦੀ ਹੈ ਅਤੇ ਜਿਸਦਾ ਇਹ ਪ੍ਰਬੰਧਨ ਕਰਦੀ ਹੈ।

ਇਹ ਨੀਤੀ ਇੱਕ ਬਿਆਨ, ਜਾਂ ਕਾਨੂੰਨੀ ਦਸਤਾਵੇਜ਼ (**ਗੁਪਤਤਾ** ਕਾਨੂੰਨ ਵਿੱਚ) ਹੈ, ਜੋ NHW ਦੁਆਰਾ ਨਿੱਜੀ ਜਾਣਕਾਰੀ ਨੂੰ ਇਕੱਠਾ ਕਰਨ, ਇਸਦੀ ਵਰਤੋਂ ਕਰਨ, ਇਸਦਾ ਖੁਲਾਸਾ ਅਤੇ ਪ੍ਰਬੰਧਨ ਕਰਨ ਦੇ ਕੁੱਝ ਕੁ ਜਾਂ ਸਾਰੇ ਤਰੀਕਿਆਂ ਦਾ ਖੁਲਾਸਾ ਕਰਦਾ ਹੈ। ਇਸਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ NHW ਵਿਕਟੋਰੀਆ ਇਨਕਾਰਪੋਰੇਟਿਡ (NHWV), ਅਤੇ NHWV ਦੇ ਨਿਯਮਾਂ ਅਤੇ ਚਾਰਟਰ ਦੇ ਤਹਿਤ NHWV ਨਾਲ ਸੰਬੰਧਿਤ ਸਮੂਹਾਂ ਨੇ ਗੁਪਤਤਾ ਕਾਨੂੰਨ (Privacy Act) ਦੀ ਪਾਲਣਾ ਕੀਤੀ ਹੈ ਅਤੇ ਇਸਦਾ ਉਦੇਸ਼ ਸਾਰੇ ਭਾਗੀਦਾਰਾਂ ਨੂੰ ਕਾਨੂੰਨੀ ਕਾਰਵਾਈ ਤੋਂ ਬਚਾਉਣਾ ਵੀ ਹੈ।

## 2. ਕਾਰਜ-ਖੇਤਰ ਦਾ ਦਾਇਰਾ

ਇਹ ਨੀਤੀ ਨੇਬਰਹੁੱਡ ਵਾਚ ਵਿਕਟੋਰੀਆ ਇਨਕਾਰਪੋਰੇਟਿਡ (NHWV) ਦੇ ਸਾਰੇ ਕਰਮਚਾਰੀਆਂ, ਵਲੰਟੀਅਰਾਂ ਅਤੇ ਠੇਕੇਦਾਰਾਂ (ਪੂਰੇ ਦਸਤਾਵੇਜ਼ ਵਿੱਚ ਇਨ੍ਹਾਂ ਨੂੰ 'ਨੁਮਾਇੰਦੇ' ਕਿਹਾ ਗਿਆ ਹੈ) ਅਤੇ NHWV ਦੇ ਨਿਯਮਾਂ ਅਤੇ ਚਾਰਟਰ ਦੇ ਤਹਿਤ NHWV ਨਾਲ ਸੰਬੰਧਿਤ ਸਮੂਹਾਂ 'ਤੇ ਲਾਗੂ ਹੁੰਦੀ ਹੈ।

## 3. ਪ੍ਰਵਾਨਗੀ

ਇਹ ਨੀਤੀ ਬੋਰਡ ਆਫ਼ ਨੇਬਰਹੁੱਡ ਵਾਚ ਵਿਕਟੋਰੀਆ ਇਨਕਾਰਪੋਰੇਟਿਡ ਦੇ ਅਧਿਕਾਰ ਅਧੀਨ ਜਾਰੀ ਕੀਤੀ ਗਈ ਸੀ ਅਤੇ ਨੇਬਰਹੁੱਡ ਵਾਚ ਵਿਕਟੋਰੀਆ ਦੀ ਮੌਜੂਦਾ ਨੀਤੀ ਦੀ ਉਦੋਂ ਤੱਕ ਨੁਮਾਇੰਦਗੀ ਕਰਦੀ ਹੈ ਜਦੋਂ ਤੱਕ ਇਸਨੂੰ ਸੋਧਿਆ ਜਾਂ ਰੱਦ ਨਹੀਂ ਕੀਤਾ ਜਾਂਦਾ ਹੈ।

## 4. ਅਸੀਂ ਤੁਹਾਡੀ ਗੁਪਤਤਾ ਦਾ ਸਨਮਾਨ ਕਰਦੇ ਹਾਂ

**4.1.** NHWV ਤੁਹਾਡੇ ਗੁਪਤਤਾ ਦੇ ਅਧਿਕਾਰ ਦਾ ਸਨਮਾਨ ਕਰਦਾ ਹੈ ਅਤੇ ਸਾਡੇ ਮੈਂਬਰਾਂ, ਵਾਲੰਟੀਅਰਾਂ, ਗਾਹਕਾਂ ਅਤੇ ਵੈੱਬਸਾਈਟ ਵੇਖਣ ਵਾਲੇ ਸਾਰੇ ਲੋਕਾਂ ਸਮੇਤ ਨਿੱਜੀ ਜਾਣਕਾਰੀ ਪ੍ਰਦਾਨ ਕਰਨ ਵਾਲੇ ਸਾਰੇ ਵਿਅਕਤੀਆਂ ਦੀ ਗੁਪਤਤਾ ਦੀ ਸੁਰੱਖਿਆ ਕਰਨ ਲਈ ਵਚਨਬੱਧ ਹੈ। ਅਸੀਂ ਗੁਪਤਤਾ ਕਾਨੂੰਨ 1988 (Privacy Act 1988) ਵਿੱਚ ਸ਼ਾਮਲ ਆਸਟ੍ਰੇਲੀਆਈ ਗੁਪਤਤਾ ਸਿਧਾਂਤਾਂ ਦੀ ਪਾਲਣਾ ਕਰਦੇ ਹਾਂ। ਇਹ ਨੀਤੀ ਨਿਰਧਾਰਤ ਕਰਦੀ ਹੈ ਕਿ ਅਸੀਂ ਤੁਹਾਡੀ ਨਿੱਜੀ ਜਾਣਕਾਰੀ ਨੂੰ ਕਿਵੇਂ ਇਕੱਠਾ ਕਰਦੇ ਅਤੇ ਵਰਤਦੇ ਹਾਂ।

**4.2.** "ਨਿੱਜੀ ਜਾਣਕਾਰੀ" ਸਾਡੇ ਕੋਲ ਸਾਂਭ ਕੇ ਰੱਖੀ ਉਹ ਜਾਣਕਾਰੀ ਹੁੰਦੀ ਹੈ ਜੋ ਤੁਹਾਡੇ ਬਾਰੇ ਹੋਣ ਵਜੋਂ ਪਛਾਣਨ ਯੋਗ ਹੁੰਦੀ ਹੈ।

## 5. ਨਿੱਜੀ ਜਾਣਕਾਰੀ ਨੂੰ ਇੱਕਠਾ ਕਰਨਾ

**5.1.** NHWV, ਸਮੇਂ-ਸਮੇਂ 'ਤੇ ਸਾਡੀ ਵੈੱਬਸਾਈਟ 'ਤੇ ਤੁਹਾਡੇ ਦੁਆਰਾ ਭਰੀ ਗਈ ਨਿੱਜੀ ਜਾਣਕਾਰੀ ਨੂੰ ਪ੍ਰਾਪਤ ਕਰੇਗਾ ਅਤੇ ਸਟੋਰ ਕਰੇਗਾ, ਜੋ ਤੁਸੀਂ ਸਾਨੂੰ ਸਿੱਧੇ ਤੌਰ 'ਤੇ ਜਾਂ ਹੋਰ ਰੂਪਾਂ ਵਿੱਚ ਦਿੱਤੀ ਹੋਵੇਗੀ।

**5.2.** ਤੁਸੀਂ ਮੁੱਢਲੀ ਜਾਣਕਾਰੀ ਜਿਵੇਂ ਕਿ ਤੁਹਾਡਾ ਨਾਮ, ਫ਼ੋਨ ਨੰਬਰ, ਪਤਾ ਅਤੇ ਈਮੇਲ ਪਤਾ ਪ੍ਰਦਾਨ ਕਰ ਸਕਦੇ ਹੋ ਤਾਂ ਜੋ ਅਸੀਂ ਜਾਣਕਾਰੀ ਭੇਜਣ, ਅੱਪਡੇਟਾਂ ਪ੍ਰਦਾਨ ਕਰਨ ਅਤੇ ਤੁਹਾਡੇ ਉਤਪਾਦ ਜਾਂ ਸੇਵਾ ਆਰਡਰ ਦੀ ਪ੍ਰਕਿਰਿਆ ਨੂੰ ਪੂਰਾ ਕਰਨ ਦੇ ਯੋਗ ਬਣ ਸਕੀਏ। ਅਸੀਂ ਕਈ ਵਾਰ ਹੋਰ ਵਾਧੂ ਜਾਣਕਾਰੀ ਵੀ ਇਕੱਠੀ ਕਰ ਸਕਦੇ ਹਾਂ, ਜਦੋਂ ਤੁਸੀਂ NHW ਵਿੱਚ ਮੈਂਬਰ ਜਾਂ ਵਲੰਟੀਅਰ ਵਜੋਂ ਸ਼ਾਮਲ ਹੋਣ ਲਈ ਅਰਜ਼ੀ ਦਿੰਦੇ ਹੋ, ਜਦੋਂ ਤੁਸੀਂ ਸਾਨੂੰ ਫੀਡਬੈਕ ਦਿੰਦੇ ਹੋ, ਜਦੋਂ ਤੁਸੀਂ ਆਪਣੇ ਨਿੱਜੀ ਜਾਂ ਕਾਰੋਬਾਰੀ ਮਾਮਲਿਆਂ ਬਾਰੇ ਜਾਣਕਾਰੀ ਪ੍ਰਦਾਨ ਕਰਦੇ ਹੋ, ਤੁਹਾਡੀ ਸਮੱਗਰੀ ਜਾਂ ਈਮੇਲ ਪ੍ਰਾਪਤ ਕਰਨ ਦੀ ਤਰਜੀਹ ਬਦਲਦੇ ਹੋ, ਸਰਵੇਖਣ ਕਰਦੇ ਹੋ, ਜਾਂ NHWV, ਸਾਡੇ ਸਟੇਟ ਆਫਿਸ ਜਾਂ ਵਿਅਕਤੀਗਤ NHW ਨਾਲ ਸੰਬੰਧਿਤ ਕਿਸੇ ਸਮੂਹ ਨਾਲ ਗੱਲਬਾਤ ਕਰਦੇ ਹੋ, ਇਸ ਵਿਚ ਇਹ ਸਭ ਸ਼ਾਮਿਲ ਹੈ ਪਰ ਇਸ ਤੱਕ ਹੀ ਸੀਮਤ ਨਹੀਂ ਹੈ।

**5.3.** ਇਸ ਤੋਂ ਇਲਾਵਾ, ਅਸੀਂ ਸਾਡੇ ਨਾਲ ਗੱਲਬਾਤ ਕਰਦੇ ਸਮੇਂ ਤੁਹਾਡੇ ਦੁਆਰਾ ਪ੍ਰਦਾਨ ਕੀਤੀ ਕੋਈ ਹੋਰ ਜਾਣਕਾਰੀ ਵੀ ਇਕੱਠੀ ਕਰ ਸਕਦੇ ਹਾਂ।

## 6. ਅਸੀਂ ਤੁਹਾਡੀ ਨਿੱਜੀ ਜਾਣਕਾਰੀ ਕਿਵੇਂ ਇਕੱਠੀ ਕਰਦੇ ਹਾਂ

NHWV ਤੁਹਾਡੇ ਤੋਂ ਵੱਖ-ਵੱਖ ਤਰੀਕਿਆਂ ਨਾਲ ਨਿੱਜੀ ਜਾਣਕਾਰੀ ਇਕੱਠੀ ਕਰਦਾ ਹੈ, ਇਸ ਵਿੱਚ ਇਹ ਸਥਿਤੀਆਂ ਸ਼ਾਮਲ ਹਨ: ਜਦੋਂ ਤੁਸੀਂ ਸਾਡੇ ਨਾਲ ਇਲੈਕਟ੍ਰਾਨਿਕ ਜਾਂ ਵਿਅਕਤੀਗਤ ਤੌਰ 'ਤੇ ਗੱਲਬਾਤ ਕਰਦੇ ਹੋ, ਜਦੋਂ ਤੁਸੀਂ ਸਾਡੀ ਵੈੱਬਸਾਈਟ ਤੱਕ ਪਹੁੰਚ ਕਰਦੇ ਹੋ ਅਤੇ ਜਦੋਂ ਅਸੀਂ ਤੁਹਾਨੂੰ ਸਾਡੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ। ਅਸੀਂ ਤੀਜੀਆਂ ਧਿਰਾਂ ਤੋਂ ਨਿੱਜੀ ਜਾਣਕਾਰੀ ਪ੍ਰਾਪਤ ਕਰ ਸਕਦੇ ਹਾਂ। ਜੇਕਰ ਅਸੀਂ ਅਜਿਹਾ ਕਰਦੇ ਹਾਂ, ਤਾਂ ਅਸੀਂ ਇਸ ਗੁਪਤਤਾ ਨੀਤੀ ਵਿੱਚ ਦਿੱਤੇ ਤਰੀਕੇ ਮੁਤਾਬਕ ਇਸਦੀ ਸੁਰੱਖਿਆ ਕਰਾਂਗੇ।

## 7. ਤੁਹਾਡੀ ਨਿੱਜੀ ਜਾਣਕਾਰੀ ਦੀ ਵਰਤੋਂ ਕਰਨਾ

**7.1.** NHWV ਤੁਹਾਨੂੰ ਇੱਕ ਮੈਂਬਰ ਵਜੋਂ ਰਜਿਸਟਰ ਕਰਨ, ਤੁਹਾਨੂੰ ਜਾਣਕਾਰੀ, ਅੱਪਡੇਟ ਅਤੇ ਸਾਡੀਆਂ ਸੇਵਾਵਾਂ ਪ੍ਰਦਾਨ ਕਰਨ ਲਈ ਤੁਹਾਡੇ ਤੋਂ ਇਕੱਠੀ ਕੀਤੀ ਨਿੱਜੀ ਜਾਣਕਾਰੀ ਦੀ ਵਰਤੋਂ ਕਰ ਸਕਦਾ ਹੈ। ਅਸੀਂ ਤੁਹਾਨੂੰ ਨਵੇਂ ਅਤੇ ਵਾਧੂ ਉਤਪਾਦਾਂ, ਸੇਵਾਵਾਂ ਅਤੇ ਤੁਹਾਡੇ ਲਈ ਉਪਲਬਧ ਮੌਕਿਆਂ ਬਾਰੇ ਵੀ ਜਾਣੂ ਕਰਵਾ ਸਕਦੇ ਹਾਂ। ਅਸੀਂ ਆਪਣੇ ਉਤਪਾਦਾਂ ਅਤੇ ਸੇਵਾਵਾਂ ਨੂੰ ਬਿਹਤਰ ਬਣਾਉਣ ਅਤੇ ਤੁਹਾਡੀਆਂ ਲੋੜਾਂ ਨੂੰ ਬਿਹਤਰ ਢੰਗ ਨਾਲ ਸਮਝਣ ਲਈ ਤੁਹਾਡੀ ਨਿੱਜੀ ਜਾਣਕਾਰੀ ਦੀ ਵਰਤੋਂ ਕਰ ਸਕਦੇ ਹਾਂ।

**7.2.** NHWV ਕਈ ਤਰੀਕਿਆਂ ਨਾਲ ਤੁਹਾਡੇ ਨਾਲ ਸੰਪਰਕ ਕਰ ਸਕਦਾ ਹੈ, ਜਿਸ ਵਿੱਚ ਟੈਲੀਫ਼ੋਨ, ਈਮੇਲ, SMS ਜਾਂ ਡਾਕ ਰਾਹੀਂ ਅਜਿਹਾ ਕੀਤਾ ਜਾਣਾ ਸ਼ਾਮਲ ਹੈ ਪਰ ਇਹ ਇਨ੍ਹਾਂ ਤੱਕ ਹੀ ਸੀਮਿਤ ਨਹੀਂ ਹੈ।

## 8. ਤੁਹਾਡੀ ਨਿੱਜੀ ਜਾਣਕਾਰੀ ਦਾ ਖੁਲਾਸਾ ਕਰਨਾ

**8.1.** ਅਸੀਂ ਇਸ ਨੀਤੀ ਵਿੱਚ ਨਿਰਧਾਰਤ ਉਦੇਸ਼ਾਂ ਲਈ ਵਾਜਬ ਤੌਰ 'ਤੇ ਲੋੜੀਂਦੇ ਤਰੀਕੇ ਮੁਤਾਬਕ ਆਪਣੇ ਕਿਸੇ ਵੀ ਕਰਮਚਾਰੀ, ਅਫ਼ਸਰ, ਬੀਮਾਕਰਤਾ, ਪੇਸ਼ੇਵਰ ਸਲਾਹਕਾਰਾਂ, ਏਜੰਟਾਂ, ਸਪਲਾਇਰਾਂ ਜਾਂ ਉਪ-ਠੇਕੇਦਾਰਾਂ ਨੂੰ ਤੁਹਾਡੀ ਨਿੱਜੀ ਜਾਣਕਾਰੀ ਦਾ ਖੁਲਾਸਾ ਕਰ ਸਕਦੇ ਹਾਂ। ਨਿੱਜੀ ਜਾਣਕਾਰੀ ਕਿਸੇ ਤੀਜੀ ਧਿਰ ਨੂੰ ਸਿਰਫ਼ ਉਦੋਂ ਹੀ ਪ੍ਰਦਾਨ ਕੀਤੀ ਜਾਂਦੀ ਹੈ ਜਦੋਂ ਸਾਡੀਆਂ ਸੇਵਾਵਾਂ ਪ੍ਰਦਾਨ ਕਰਨ ਲਈ ਇਹ ਲੋੜੀਂਦਾ ਹੁੰਦਾ ਹੈ।

**8.2.** ਸਾਨੂੰ ਸਮੇਂ-ਸਮੇਂ 'ਤੇ ਕਾਨੂੰਨੀ ਕਾਰਵਾਈ ਦੇ ਦੌਰਾਨ ਜਾਂ ਕਾਨੂੰਨ ਲਾਗੂ ਕਰਨ ਵਾਲੀ ਏਜੰਸੀ ਦੀ ਬੇਨਤੀ ਦੇ ਜਵਾਬ ਵਿੱਚ, ਕਿਸੇ ਕਨੂੰਨੀ ਲੋੜ, ਜਿਵੇਂ ਕਿ ਕਾਨੂੰਨ, ਨਿਯਮ, ਅਦਾਲਤੀ ਆਦੇਸ਼, ਸੰਮਨ, ਜਾਂ ਵਾਰੰਟ, ਦੀ ਪਾਲਣਾ ਕਰਨ ਲਈ ਨਿੱਜੀ ਜਾਣਕਾਰੀ ਦਾ ਖੁਲਾਸਾ ਕਰਨ ਦੀ ਲੋੜ ਪੈ ਸਕਦੀ ਹੈ।

**8.3.** ਅਸੀਂ ਤੁਹਾਡੀ ਨਿੱਜੀ ਜਾਣਕਾਰੀ ਦੀ ਵਰਤੋਂ ਨੇਬਰਹੁੱਡ ਵਾਚ ਵਿਕਟੋਰੀਆ, www.nhw.com.au, ਇਸਦੇ ਗਾਹਕਾਂ ਜਾਂ ਤੀਜੀਆਂ ਧਿਰਾਂ ਦੇ ਕਾਪੀਰਾਈਟ, ਟ੍ਰੇਡਮਾਰਕ, ਕਾਨੂੰਨੀ ਅਧਿਕਾਰਾਂ, ਜਾਇਦਾਦ ਜਾਂ ਸੁਰੱਖਿਆ ਦੀ ਰੱਖਿਆ ਕਰਨ ਲਈ ਵੀ ਕਰ ਸਕਦੇ ਹਾਂ।

**8.4.** ਜੋ ਜਾਣਕਾਰੀ ਅਸੀਂ ਇਕੱਠੀ ਕੀਤੀ ਹੈ, ਉਹ ਸਮੇਂ-ਸਮੇਂ 'ਤੇ ਆਸਟ੍ਰੇਲੀਆ ਤੋਂ ਬਾਹਰਲੇ ਦੇਸ਼ਾਂ ਵਿੱਚ ਸਥਿਤ ਪਾਰਟੀਆਂ ਵਿਚਕਾਰ ਸਟੋਰ, ਪ੍ਰੋਸੈਸ ਜਾਂ ਟ੍ਰਾਂਸਫਰ ਕੀਤੀ ਜਾ ਸਕਦੀ ਹੈ।

**8.5.** ਸਾਨੂੰ ਨਿੱਜੀ ਜਾਣਕਾਰੀ ਪ੍ਰਦਾਨ ਕਰਕੇ, ਤੁਸੀਂ ਇਸ ਗੁਪਤਤਾ ਨੀਤੀ ਦੀਆਂ ਸ਼ਰਤਾਂ ਅਤੇ ਇਸ ਨੀਤੀ ਵਿੱਚ ਸ਼ਾਮਲ ਖੁਲਾਸਿਆਂ ਦੀਆਂ ਕਿਸਮਾਂ ਲਈ ਸਹਿਮਤੀ ਦਿੰਦੇ ਹੋ। ਜਿਨ੍ਹਾਂ ਸਥਿਤੀਆਂ ਵਿੱਚ ਅਸੀਂ ਕਿਸੇ ਤੀਜੀ ਧਿਰ ਨੂੰ ਤੁਹਾਡੀ ਨਿੱਜੀ ਜਾਣਕਾਰੀ ਦਾ ਖੁਲਾਸਾ ਕਰਦੇ ਹਾਂ, ਅਸੀਂ ਬੇਨਤੀ ਕਰਾਂਗੇ ਕਿ ਉਹ ਤੀਜੀ ਧਿਰ ਤੁਹਾਡੀ ਨਿੱਜੀ ਜਾਣਕਾਰੀ ਨੂੰ ਸੰਭਾਲਣ ਸੰਬੰਧੀ ਇਸ ਨੀਤੀ ਦੀ ਪਾਲਣਾ ਕਰੇ।

## 9. ਤੁਹਾਡੀ ਨਿੱਜੀ ਜਾਣਕਾਰੀ ਦੀ ਸੁਰੱਖਿਆ ਕਰਨਾ

**9.1.** NHWV ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਜੋ ਜਾਣਕਾਰੀ ਤੁਸੀਂ ਸਾਨੂੰ ਪ੍ਰਦਾਨ ਕਰਦੇ ਹੋ ਉਹ ਸੁਰੱਖਿਅਤ ਹੈ। ਅਣਅਧਿਕਾਰਤ ਪਹੁੰਚ ਜਾਂ ਖੁਲਾਸੇ ਨੂੰ ਰੋਕਣ ਲਈ, ਅਸੀਂ ਜਾਣਕਾਰੀ ਨੂੰ ਸੁਰੱਖਿਅਤ ਅਤੇ ਮਹਿਫੂਜ਼ ਕਰਨ ਅਤੇ ਇਸਨੂੰ ਦੁਰਵਰਤੋਂ, ਦਖਲਅੰਦਾਜ਼ੀ, ਨੁਕਸਾਨ ਅਤੇ ਅਣਅਧਿਕਾਰਤ ਪਹੁੰਚ, ਸੋਧ ਅਤੇ ਖੁਲਾਸੇ ਤੋਂ ਬਚਾਉਣ ਲਈ ਢੁਕਵੀਂਆਂ ਭੌਤਿਕ, ਇਲੈਕਟ੍ਰਾਨਿਕ ਅਤੇ ਪ੍ਰਬੰਧਕੀ ਪ੍ਰਕਿਰਿਆਵਾਂ ਲਾਗੂ ਕੀਤੀਆਂ ਹਨ।

**9.2.** ਜਾਣਕਾਰੀ ਦਾ ਸੰਚਾਰ ਅਤੇ ਵਟਾਂਦਰਾ ਤੁਹਾਡੇ ਆਪਣੇ ਜ਼ੋਖਮ 'ਤੇ ਕੀਤਾ ਜਾਂਦਾ ਹੈ। ਅਸੀਂ ਕਿਸੇ ਵੀ ਅਜਿਹੀ ਜਾਣਕਾਰੀ ਦੀ ਸੁਰੱਖਿਆ ਦੀ ਗਾਰੰਟੀ ਨਹੀਂ ਦੇ ਸਕਦੇ ਹਾਂ ਜੋ ਤੁਸੀਂ ਸਾਨੂੰ ਭੇਜਦੇ ਹੋ ਜਾਂ ਸਾਡੇ ਤੋਂ ਪ੍ਰਾਪਤ ਕਰਦੇ ਹੋ। ਹਾਲਾਂਕਿ ਅਸੀਂ ਜਾਣਕਾਰੀ ਦੇ ਅਣਅਧਿਕਾਰਤ ਖੁਲਾਸੇ ਤੋਂ ਸੁਰੱਖਿਆ ਲਈ ਉਪਾਅ ਕਰਦੇ ਹਾਂ, ਪਰ ਅਸੀਂ ਤੁਹਾਨੂੰ ਇਹ ਭਰੋਸਾ ਨਹੀਂ ਦੇ ਸਕਦੇ ਹਾਂ ਕਿ ਅਸੀਂ ਜੋ ਨਿੱਜੀ ਜਾਣਕਾਰੀ ਇਕੱਠੀ ਕਰਦੇ ਹਾਂ ਉਸ ਦਾ ਖੁਲਾਸਾ ਇਸ ਗੁਪਤਤਾ ਨੀਤੀ ਵਿੱਚ ਲਿਖੇ ਅਨੁਸਾਰ ਨਾਲੋਂ ਕਿਸੇ ਹੋਰ ਅਸੰਗਤ ਤਰੀਕੇ ਨਾਲ ਨਹੀਂ ਕੀਤਾ ਜਾਵੇਗਾ।

## 10. ਆਪਣੀ ਨਿੱਜੀ ਜਾਣਕਾਰੀ ਤੱਕ ਪਹੁੰਚ ਪ੍ਰਾਪਤ ਕਰਨਾ

**10.1.** ਤੁਸੀਂ ਗੁਪਤਤਾ ਕਾਨੂੰਨ 1988 ਦੀਆਂ ਧਾਰਾਵਾਂ ਮੁਤਾਬਕ ਸਾਡੇ ਕੋਲ ਸਾਂਭ ਕੇ ਰੱਖੀ ਆਪਣੀ ਨਿੱਜੀ ਜਾਣਕਾਰੀ ਦੇ ਵੇਰਵੇ ਲੈਣ ਦੀ ਬੇਨਤੀ ਕਰ ਸਕਦੇ ਹੋ। ਇਸ ਜਾਣਕਾਰੀ ਦੇਣ ਦਾ ਬੰਦੋਬਸਤ ਕਰਨ ਲਈ ਇੱਕ ਛੋਟੀ ਪ੍ਰਬੰਧਕੀ ਫ਼ੀਸ ਦਾ ਭੁਗਤਾਨ ਕਰਨਾ ਪੈ ਸਕਦਾ ਹੈ। ਜੇਕਰ ਤੁਸੀਂ ਜਾਣਕਾਰੀ ਦੀ ਇੱਕ ਕਾਪੀ ਚਾਹੁੰਦੇ ਹੋ, ਜੋ ਅਸੀਂ ਤੁਹਾਡੇ ਬਾਰੇ ਸਾਂਭ ਕੇ ਰੱਖੀ ਹੈ ਜਾਂ ਤੁਸੀਂ ਇਹ ਮੰਨਦੇ ਹਾਂ ਕਿ ਤੁਹਾਡੇ ਬਾਰੇ ਸਾਡੇ ਕੋਲ ਸਾਂਭ ਕੇ ਰੱਖੀ ਕੋਈ ਵੀ ਜਾਣਕਾਰੀ ਗਲਤ, ਪੁਰਾਣੀ, ਅਧੂਰੀ, ਅਸੰਗਤ ਜਾਂ ਗੁੰਮਰਾਹਕੁੰਨ ਹੈ, ਤਾਂ ਕਿਰਪਾ ਕਰਕੇ ਸਾਨੂੰ admin@nhw.com.au 'ਤੇ ਈਮੇਲ ਕਰੋ।

**10.2.** ਸਾਡੇ ਕੋਲ ਗੁਪਤਤਾ ਕਾਨੂੰਨ ਵਿੱਚ ਨਿਰਧਾਰਤ ਕੇਤੇ ਅਨੁਸਾਰ ਕੁੱਝ ਸਥਿਤੀਆਂ ਵਿੱਚ, ਤੁਹਾਡੇ ਬਾਰੇ ਜੋ ਜਾਣਕਾਰੀ ਸਾਡੇ ਕੋਲ ਹੈ, ਉਹ ਤੁਹਾਨੂੰ ਪ੍ਰਦਾਨ ਕਰਨ ਤੋਂ ਇਨਕਾਰ ਕਰਨ ਦਾ ਅਧਿਕਾਰ ਰਾਖਵਾਂ ਹੈ।

## 11. ਗੁਪਤਤਾ ਬਾਰੇ ਸ਼ਿਕਾਇਤਾਂ

ਜੇਕਰ ਸਾਡੇ ਗੁਪਤਤਾ ਅਭਿਆਸਾਂ ਬਾਰੇ ਤੁਹਾਡੀ ਕੋਈ ਸ਼ਿਕਾਇਤ ਹੈ, ਤਾਂ ਕਿਰਪਾ ਕਰਕੇ Neighbourhood Watch Victoria, 637 Flinders Street, Docklands, Victoria, 3008 ਨੂੰ ਆਪਣੀ ਸ਼ਿਕਾਇਤ ਦੇ ਵੇਰਵੇ ਭੇਜੋ। ਅਸੀਂ ਸ਼ਿਕਾਇਤਾਂ ਨੂੰ ਬਹੁਤ ਗੰਭੀਰਤਾ ਨਾਲ ਲੈਂਦੇ ਹਾਂ ਅਤੇ ਤੁਹਾਡੀ ਸ਼ਿਕਾਇਤ ਦਾ ਲਿਖਤੀ ਨੋਟਿਸ ਮਿਲਣ ਤੋਂ ਬਾਅਦ ਜਲਦੀ ਹੀ ਜਵਾਬ ਦੇਵਾਂਗੇ।

## 12. ਗੁਪਤਤਾ ਜਾਂ ਡੇਟਾ ਦੀ ਉਲੰਘਣਾ

**12.1** ਗੁਪਤਤਾ ਸੋਧ (ਸੂਚਨਾ ਦੇਣ ਯੋਗ ਡੇਟਾ ਉਲੰਘਣਾ) ਕਾਨੂੰਨ 2017 ਨੇ ਆਸਟ੍ਰੇਲੀਆ ਵਿੱਚ ਸੂਚਨਾ ਦੇਣ ਯੋਗ ਡੇਟਾ ਉਲੰਘਣਾ (ਨੋਟੀਫਾਈਏਬਲ ਡੇਟਾ ਬ੍ਰੀਚਸ, NDB) ਸਕੀਮ ਦੀ ਸਥਾਪਨਾ ਕੀਤੀ ਹੈ ।

**12.2.** NDB ਸਕੀਮ ਵਿੱਚ ਏਜੰਸੀਆਂ ਲਈ ਉਹਨਾਂ ਵਿਅਕਤੀਆਂ ਨੂੰ ਸੂਚਿਤ ਕਰਨ ਦੀ ਕਾਨੂੰਨੀ ਜ਼ਿੰਮੇਵਾਰੀ ਬਣਦੀ ਹੈ ਜਿਨ੍ਹਾਂ ਦੀ ਨਿੱਜੀ ਜਾਣਕਾਰੀ ਕਿਸੇ ਡੇਟਾ ਉਲੰਘਣਾ ਵਿੱਚ ਸ਼ਾਮਲ ਹੈ ਜਿਸ ਦੇ ਨਤੀਜੇ ਵਜੋਂ ਗੰਭੀਰ ਨੁਕਸਾਨ ਹੋਣ ਦੀ ਸੰਭਾਵਨਾ ਹੈ। ਇਸ ਸੰਦਰਭ ਵਿੱਚ, ਗੰਭੀਰ ਨੁਕਸਾਨ ਕਿਸੇ ਵਿਅਕਤੀ ਜਾਂ ਵਿਅਕਤੀਆਂ ਨੂੰ ਗੰਭੀਰ ਸਰੀਰਕ, ਮਨੋਵਿਗਿਆਨਕ, ਭਾਵਨਾਤਮਕ, ਵਿੱਤੀ ਜਾਂ ਸ਼ੋਭਾ ਸੰਬੰਧੀ ਨੁਕਸਾਨ ਦਾ ਹਵਾਲਾ ਦਿੰਦਾ ਹੈ।

**12.3** ਜੇਕਰ ਕੋਈ ਸ਼ੱਕੀ ਜਾਂ ਗਿਆਤ ਡੇਟਾ ਉਲੰਘਣ ਹੁੰਦਾ ਹੈ, ਤਾਂ NHWV ਜਾਂ ਇਸਦੇ ਅਧਿਕਾਰੀ ਸ਼ੁਰੂਆਤੀ ਤੌਰ 'ਤੇ ਜਵਾਬੀ ਕਾਰਵਾਈ ਕਰਨਗੇ ਅਤੇ ਹੋਰ ਡਾਟਾ ਤੱਕ ਪਹੁੰਚ ਜਾਂ ਖੁਲਾਸਾ ਕਰਨ ਨੂੰ ਰੋਕਣ ਲਈ ਪ੍ਰਭਾਵਿਤ ਖੇਤਰ ਨਾਲ ਕੰਮ ਕਰਨਗੇ।

**12.3.1** NHWV ਜਾਂ ਇਸਦੇ ਅਧਿਕਾਰੀ ਫਿਰ ਇਹ ਨਿਰਧਾਰਤ ਕਰਨ ਲਈ ਕੰਮ ਕਰਨਗੇ ਕਿ ਕੀ ਸ਼ੱਕੀ ਜਾਂ ਗਿਆਤ ਉਲੰਘਣਾ ਤੋਂ ਗੰਭੀਰ ਨੁਕਸਾਨ ਹੋਣ ਦੀ ਸੰਭਾਵਨਾ ਹੈ।

**12.3.2** ਜੇਕਰ ਡੇਟਾ ਦੀ ਉਲੰਘਣਾ ਤੋਂ ਗੰਭੀਰ ਨੁਕਸਾਨ ਹੋਣ ਦੀ ਸੰਭਾਵਨਾ ਹੈ, ਤਾਂ NHWV ਜਾਂ ਇਸਦੇ ਅਧਿਕਾਰੀ ਪ੍ਰਭਾਵਿਤ ਵਿਅਕਤੀਆਂ ਨੂੰ ਤੁਰੰਤ ਸੂਚਿਤ ਕਰਨਗੇ ਕਿ ਕੋਈ ਸ਼ੱਕੀ ਜਾਂ ਗਿਆਤ ਡੇਟਾ ਉਲੰਘਣ ਹੋਇਆ ਹੈ ਜਿਸ ਵਿੱਚ ਉਹਨਾਂ ਦੀ ਨਿੱਜੀ ਜਾਣਕਾਰੀ ਸ਼ਾਮਲ ਹੈ, ਅਤੇ ਨੁਕਸਾਨ ਨੂੰ, ਜਿੰਨਾ ਸੰਭਵ ਹੋ ਸਕੇ, ਸੀਮਤ ਕਰਨ ਜਾਂ ਘਟਾਉਣ ਲਈ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ।

**12.3.3** NHWV ਜਾਂ ਇਸਦੇ ਅਧਿਕਾਰੀ www.oaic.gov.au ਤੋਂ ਉਪਲਬਧ NDB ਫਾਰਮ ਰਾਹੀਂ ਆਸਟ੍ਰੇਲੀਅਨ ਸੂਚਨਾ ਕਮਿਸ਼ਨਰ ਦੇ ਦਫ਼ਤਰ (Office of the Australian Information Commissioner, OAIC) ਲਈ ਇੱਕ ਬਿਆਨ ਵੀ ਤਿਆਰ ਕਰਨਗੇ ਜਿਸ ਨਾਲ OAIC ਨੂੰ ਹੇਠਾਂ ਲਿਖੀਆਂ ਗੱਲਾਂ ਬਾਰੇ ਸੂਚਨਾਵਾਂ ਦਿੱਤੀਆਂ ਜਾਣਗੀਆਂ:

- NHWV ਦੀ ਪਛਾਣ ਅਤੇ ਇਸਦੇ ਸੰਪਰਕ ਵੇਰਵੇ
- ਉਲੰਘਣਾ ਦਾ ਵੇਰਵਾ ਅਤੇ ਉਲੰਘਣਾ ਨੂੰ ਸੀਮਤ ਕਰਨ ਲਈ ਕੀਤੀਆਂ ਜਾ ਰਹੀਆਂ ਕਾਰਵਾਈਆਂ
- ਸੰਬੰਧਿਤ ਸੂਚਨਾ ਦੀ ਕਿਸਮ
- ਪ੍ਰਭਾਵਿਤ ਵਿਅਕਤੀਆਂ ਲਈ ਸੁਝਾਅ ਕੀਤੇ ਕਦਮ

**12.3.4** NHWV ਫਿਰ ਉਲੰਘਣਾ ਨਾਲ ਸੰਬੰਧਿਤ ਸੂਚਨਾ ਕਮਿਸ਼ਨਰ ਦੀਆਂ ਕਿਸੇ ਸਿਫ਼ਾਰਸ਼ਾਂ ਜਾਂ ਨਿਰਦੇਸ਼ਾਂ 'ਤੇ OAIC ਨਾਲ ਮਿਲਕੇ ਕੰਮ ਕਰੇਗਾ।

**12.3.5** NHWV ਉਲੰਘਣਾ ਦੇ ਸੰਭਾਵਿਤ ਕਾਰਨਾਂ ਦਾ ਪਤਾ ਲਗਾਉਣ ਲਈ ਘਟਨਾ ਦੀ ਸਮੀਖਿਆ ਕਰੇਗਾ ਅਤੇ ਮੁੜ ਵਾਪਰਨ ਨੂੰ ਰੋਕਣ ਲਈ ਆਪਣੀਆਂ ਅੰਦਰੂਨੀ ਨੀਤੀਆਂ ਅਤੇ/ਜਾਂ ਪ੍ਰਕਿਰਿਆਵਾਂ ਨੂੰ ਸੋਧੇਗਾ। ਸੰਭਾਵਿਤ ਕਾਰਵਾਈਆਂ ਵਿੱਚ ਰਿਕਾਰਡ ਪ੍ਰਬੰਧਨ ਨਾਲ ਸੰਬੰਧਿਤ ਨੀਤੀਆਂ ਅਤੇ ਪ੍ਰਕਿਰਿਆਵਾਂ ਨੂੰ ਅਪਡੇਟ ਕਰਨਾ ਸ਼ਾਮਲ ਹੋਵੇਗਾ।

## 13. ਗੁਪਤਤਾ ਨੀਤੀ ਵਿੱਚ ਤਬਦੀਲੀਆਂ

ਕਿਰਪਾ ਕਰਕੇ ਧਿਆਨ ਰੱਖੋ ਕਿ ਅਸੀਂ ਭਵਿੱਖ ਵਿੱਚ ਇਸ ਗੁਪਤਤਾ ਨੀਤੀ ਨੂੰ ਬਦਲ ਸਕਦੇ ਹਾਂ। ਅਸੀਂ ਇਸ ਨੀਤੀ ਵਿੱਚ ਕਿਸੇ ਵੀ ਸਮੇਂ, ਆਪਣੀ ਪੂਰੀ ਮਰਜ਼ੀ ਨਾਲ ਸੋਧ ਕਰ ਸਕਦੇ ਹਾਂ, ਅਤੇ ਸਾਡੀ ਵੈੱਬਸਾਈਟ ਜਾਂ ਨੋਟਿਸ ਬੋਰਡ 'ਤੇ ਸੋਧਾਂ ਨੂੰ ਪੋਸਟ ਕਰਨ ਤੋਂ ਤੁਰੰਤ ਬਾਅਦ ਸਾਰੀਆਂ ਸੋਧਾਂ ਪ੍ਰਭਾਵੀ ਹੋ ਜਾਣਗੀਆਂ। ਕਿਰਪਾ ਕਰਕੇ ਸਾਡੀ ਗੁਪਤਤਾ ਨੀਤੀ ਦੀ ਸਮੀਖਿਆ ਕਰਨ ਲਈ ਸਮੇਂ-ਸਮੇਂ 'ਤੇ ਵਾਪਸ ਜਾਂਚ ਕਰੋ।

## 14. ਵੈੱਬਸਾਈਟ

**14.1.** ਜਦੋਂ ਤੁਸੀਂ ਸਾਡੀਆਂ ਵੈੱਬਸਾਈਟਾਂ ਜਾਂ ਸੋਸ਼ਲ ਮੀਡੀਆ ਸਾਈਟਾਂ 'ਤੇ ਜਾਂਦੇ ਹੋ, ਤਾਂ ਅਸੀਂ ਕੁੱਝ ਜਾਣਕਾਰੀ ਇਕੱਠੀ ਕਰ ਸਕਦੇ ਹਾਂ ਜਿਵੇਂ ਕਿ ਬ੍ਰਾਊਜ਼ਰ ਦੀ ਕਿਸਮ, ਓਪਰੇਟਿੰਗ ਸਿਸਟਮ, ਸਾਡੀ ਸਾਈਟ 'ਤੇ ਆਉਣ ਤੋਂ ਤੁਰੰਤ ਪਹਿਲਾਂ ਵਿਜ਼ਿਟ ਕੀਤੀਆਂ ਵੈੱਬਸਾਈਟਾਂ ਆਦਿ। ਇਸ ਜਾਣਕਾਰੀ ਦੀ ਵਰਤੋਂ ਇੱਕ ਸੰਪੂਰਨ ਤਰੀਕੇ ਨਾਲ ਇਹ ਵਿਸ਼ਲੇਸ਼ਣ ਕਰਨ ਲਈ ਕੀਤੀ ਜਾਂਦੀ ਹੈ ਕਿ ਲੋਕ ਸਾਡੀ ਵੈੱਬਸਾਈਟ ਦੀ ਵਰਤੋਂ ਕਿਵੇਂ ਕਰਦੇ ਹਨ, ਤਾਂ ਜੋ ਅਸੀਂ ਆਪਣੀ ਸੇਵਾ ਨੂੰ ਬਿਹਤਰ ਬਣਾ ਸਕੀਏ।

**14.2.** ਅਸੀਂ ਸਮੇਂ-ਸਮੇਂ 'ਤੇ ਸਾਡੀਆਂ ਵੈੱਬਸਾਈਟਾਂ 'ਤੇ ਕੂਕੀਜ਼ ਦੀ ਵਰਤੋਂ ਕਰ ਸਕਦੇ ਹਾਂ। ਕੂਕੀਜ਼ ਬਹੁਤ ਛੋਟੀਆਂ ਫਾਈਲਾਂ ਹੁੰਦੀਆਂ ਹਨ ਜਿਨ੍ਹਾਂ ਦੀ ਵਰਤੋਂ ਕੋਈ ਵੈੱਬਸਾਈਟ ਤੁਹਾਡੀ ਪਛਾਣ ਕਰਨ ਲਈ ਕਰਦੀ ਹੈ ਜਦੋਂ ਤੁਸੀਂ ਉਸ ਵੈੱਬਸਾਈਟ 'ਤੇ ਦੋਬਾਰਾ ਵਾਪਸ ਆਉਂਦੇ ਹੋ ਅਤੇ ਉਸ ਵੈੱਬਸਾਈਟ ਦੀ ਤੁਹਾਡੇ ਵਲੋਂ ਕੀਤੀ ਵਰਤੋਂ ਬਾਰੇ ਵੇਰਵੇ ਸਟੋਰ ਕਰਨ ਲਈ। ਕੂਕੀਜ਼ ਕੋਈ ਖ਼ਤਰਨਾਕ ਪ੍ਰੋਗਰਾਮ ਨਹੀਂ ਹਨ ਜੋ ਤੁਹਾਡੇ ਕੰਪਿਊਟਰ ਤੱਕ ਪਹੁੰਚ ਪ੍ਰਾਪਤ ਕਰਦੇ ਹਨ ਜਾਂ ਇਸਨੂੰ ਨੁਕਸਾਨ ਪਹੁੰਚਾਉਂਦੇ ਹਨ। ਜ਼ਿਆਦਾਤਰ ਵੈੱਬ ਬ੍ਰਾਊਜ਼ਰ ਆਪਣੇ-ਆਪ ਕੂਕੀਜ਼ ਨੂੰ ਸਵੀਕਾਰ ਕਰਦੇ ਹਨ ਪਰ ਤੁਸੀਂ ਆਪਣੀਆਂ ਬ੍ਰਾਊਜ਼ਰ ਸੈਟਿੰਗਾਂ ਨੂੰ ਬਦਲ ਕੇ ਕੂਕੀਜ਼ ਨੂੰ ਅਸਵੀਕਾਰ ਕਰਨ ਦੀ ਚੋਣ ਕਰ ਸਕਦੇ ਹੋ। ਹਾਲਾਂਕਿ, ਇਹ ਤੁਹਾਨੂੰ ਸਾਡੀ ਵੈੱਬਸਾਈਟ ਦਾ ਪੂਰਾ ਫਾਇਦਾ ਲੈਣ ਤੋਂ ਰੋਕ ਸਕਦਾ ਹੈ। ਸਾਡੀ ਵੈੱਬਸਾਈਟ ਸਮੇਂ-ਸਮੇਂ 'ਤੇ ਵੈੱਬਸਾਈਟ ਟ੍ਰੈਫਿਕ ਦਾ ਵਿਸ਼ਲੇਸ਼ਣ ਕਰਨ ਲਈ ਅਤੇ ਇੱਕ ਬਿਹਤਰ ਵੈੱਬਸਾਈਟ ਵਿਜ਼ਟਰ ਅਨੁਭਵ ਪ੍ਰਦਾਨ ਕਰਨ ਵਿੱਚ ਸਾਡੀ ਮੱਦਦ ਕਰਨ ਲਈ ਕੂਕੀਜ਼ ਦੀ ਵਰਤੋਂ ਕਰ ਸਕਦੀ ਹੈ। ਇਸ ਤੋਂ ਇਲਾਵਾ, ਕੂਕੀਜ਼ ਦੀ ਵਰਤੋਂ ਤੀਜੀ ਧਿਰ ਦੀਆਂ ਸੇਵਾਵਾਂ ਜਿਵੇਂ ਕਿ Google Adwords ਦੁਆਰਾ ਵੈੱਬਸਾਈਟ ਵਿਜ਼ਿਟਰਾਂ ਨੂੰ ਸੰਬੰਧਿਤ ਇਸ਼ਤਿਹਾਰ ਦੇਣ ਲਈ ਕੀਤੀ ਜਾ ਸਕਦੀ ਹੈ। ਇਹ ਇਸ਼ਤਿਹਾਰ ਇਸ ਵੈੱਬਸਾਈਟ ਜਾਂ ਹੋਰ ਵੈੱਬਸਾਈਟਾਂ, ਜੋ ਤੁਸੀਂ ਵੇਖਦੇ ਹੋ, 'ਤੇ ਦਿਖਾਈ ਦੇ ਸਕਦੇ ਹਨ।

**14.3.** ਸਾਡੀ ਸਾਈਟ ਵਿੱਚ ਸਮੇਂ-ਸਮੇਂ 'ਤੇ ਹੋਰ ਵੈੱਬਸਾਈਟਾਂ ਦੇ ਲਿੰਕ ਹੋ ਸਕਦੇ ਹਨ ਜਿੰਨ੍ਹਾਂ 'ਤੇ ਸਾਡੀ ਮਲਕੀਅਤ ਜਾਂ ਨਿਯੰਤਰਨ ਨਹੀਂ ਹੁੰਦਾ ਹੈ। ਇਹ ਲਿੰਕ ਸਿਰਫ਼ ਤੁਹਾਡੀ ਸਹੂਲੀਅਤ ਲਈ ਹਨ। ਤੀਜੀ ਧਿਰ ਦੀਆਂ ਵੈੱਬਸਾਈਟਾਂ ਦੇ ਲਿੰਕ ਇਹਨਾਂ ਵੈੱਬਸਾਈਟਾਂ ਦੀ ਸਪਾਂਸਰਸ਼ਿਪ ਜਾਂ ਸਮਰਥਨ ਜਾਂ ਪ੍ਰਵਾਨਗੀ ਦਾ ਗਠਨ ਨਹੀਂ ਕਰਦੇ ਹਨ। ਕਿਰਪਾ ਕਰਕੇ ਧਿਆਨ ਰੱਖੋ ਕਿ NHWV ਅਜਿਹੀਆਂ ਹੋਰ ਵੈੱਬਸਾਈਟਾਂ ਦੇ ਗੁਪਤਤਾ ਅਭਿਆਸਾਂ ਲਈ ਜ਼ਿੰਮੇਵਾਰ ਨਹੀਂ ਹੈ। ਅਸੀਂ ਆਪਣੇ ਉਪਭੋਗਤਾਵਾਂ ਸਾਡੀ ਵੈੱਬਸਾਈਟ ਤੋਂ ਛੱਡ ਕੇ ਜਾਣ ਸਮੇਂ ਸੁਚੇਤ ਰਹਿਣ ਲਈ ਅਤੇ ਨਿੱਜੀ ਪਛਾਣਯੋਗ ਜਾਣਕਾਰੀ ਇਕੱਠੀ ਕਰਨ ਵਾਲੀ ਹਰੇਕ ਵੈੱਬਸਾਈਟ ਦੇ ਗੁਪਤਤਾ ਬਿਆਨਾਂ ਨੂੰ ਪੜ੍ਹਨ ਲਈ ਉਤਸ਼ਾਹਿਤ ਕਰਦੇ ਹਾਂ।

## 15. ਨੀਤੀ ਪ੍ਰਬੰਧਨ

ਹਰ 12 ਮਹੀਨਿਆਂ ਬਾਅਦ ਇਸ ਨੀਤੀ ਦੀ ਸਮੀਖਿਆ ਕੀਤੀ ਜਾਂਦੀ ਹੈ।

ਮੁੱਖ ਕਾਰਜਕਾਰੀ ਅਧਿਕਾਰੀ ਅਤੇ ਨੇਬਰਹੁੱਡ ਵਾਚ ਵਿਕਟੋਰੀਆ ਦਾ ਬੋਰਡ ਇਸ ਨੀਤੀ ਦੀ ਸਮੀਖਿਆ ਕਰਨ ਜਾਂ ਇਸ ਵਿੱਚ ਸੋਧ ਕਰਨ ਅਤੇ ਛੋਟਾਂ ਪ੍ਰਕਾਸ਼ਿਤ ਕਰਨ ਲਈ ਜ਼ਿੰਮੇਵਾਰ ਹਨ।

## 16. ਉਲੰਘਣਾਵਾਂ

ਇਸ ਨੀਤੀ ਦੀ ਕਿਸੇ ਵੀ ਉਲੰਘਣਾ ਦੀ ਸੂਚਨਾ ਮੁੱਖ ਕਾਰਜਕਾਰੀ ਅਧਿਕਾਰੀ, ਨੇਬਰਹੁੱਡ ਵਾਚ ਵਿਕਟੋਰੀਆ ਨੂੰ ਦਿੱਤੀ ਜਾਣੀ ਲਾਜ਼ਮੀ ਹੈ।

## 17. ਅਧਿਕਾਰ

ਇਹ ਨੀਤੀ ਨੇਬਰਹੁੱਡ ਵਾਚ ਵਿਕਟੋਰੀਆ ਇਨਕਾਰਪੋਰੇਟਿਡ ਦੇ ਬੋਰਡ ਦੁਆਰਾ ਅਧਿਕਾਰਤ ਅਤੇ ਜਾਰੀ ਕੀਤੀ ਗਈ ਹੈ।

ਇਸ ਤਰੀਕ ਤੋਂ ਲਾਗੂ: ਫਰਵਰੀ 2019